# ਕੋਟਿ ਕਰਮ ਬੰਧਨ ਕਾ ਮੂਲੁ

ਭੈਰਉ ਮਹਲਾ ੫ ॥

ਲਾਜ ਮਰੈ ਜੋ ਨਾਮੁ ਨ ਲੇਵੈ॥ ਨਾਮ ਬਿਹੂਨ ਸੁਖੀ ਕਿਉ ਸੋਵੈ॥

ਹਰਿ ਸਿਮਰਨੁ ਛਾਡਿ ਪਰਮਗਤਿ ਚਾਹੈ॥ ਮੂਲ ਬਿਨਾ ਸਾਖਾ ਕਤ ਆਹੈ॥੧॥

ਇਹ ਸ਼ਬਦ, ਸ੍ਰੀ ਗੁਰੂ ਅਰਜਨ ਸਾਹਿਬ ਦਾ, ਭੈਰਉ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੧੧੪੮ ਤੇ ਸੁਭਾਇਮਾਨ ਹੈ। ਇਸ ਵਿਚ ਪ੍ਰਭੂ ਦੇ ਸਿਮਰਣ ਦੀ, ਵਡੀ ਲੋੜ ਦਸੀ ਗਈ ਹੈ। ਚੁਰਾਸੀ ਲਖ ਜੂਨਾਂ ਦੇ ਜੁਗਾਂ ਬਧੀ ਲੰਮੇ ਗੇੜ ਤੋਂ ਬਾਅਦ ਇਹ ਦੁਰਲਭ ਮਾਨਸ ਜਨਮ ਪ੍ਰਾਪਤ ਹੁੰਦਾ ਹੈ, ਜਿਸ ਦਾ ਮੁਖ ਪ੍ਰਯੋਜਨ, ਪ੍ਰਭੂ ਦਾ ਸਿਮਰਣ ਕਰ ਕੇ, ਉਸ ਵਿਚ ਸਮਾਉਣਾ ਹੁੰਦਾ ਹੈ। ਜੇ ਮਨੁਖ ਨੇ ਉਹੀ ਨਾ ਕੀਤਾ ਤਾਂ ਉਸ ਲਈ ਇਹ ਸ਼ਰਮ ਵਾਲੀ ਗਲ ਹੀ ਹੈ ਕਿ ਜਿਸ ਕੰਮ ਲਈ ਆਇਆ ਉਹੀ ਨਾ ਕੀਤਾ। ਕ੍ਰੋੜਾਂ ਚੰਗੇ ਕਰਮ ਕਰਣ ਦੇ ਬਾਵਜੂਦ, ਸਿਮਰਣ ਕੀਤੇ ਬਿਨਾਂ ਪਰਮ ਗਤੀ ਪ੍ਰਾਪਤ ਨਹੀਂ ਹੋ ਸਕਦੀ। ਹਰੀ ਨਾਲ ਮਿਲਾਪ, ਸਿਮਰਣ ਤੋਂ ਬਗੈਰ ਸੰਭਵ ਹੀ ਨਹੀਂ। ਪਾਤਸ਼ਾਹ ਦਾ ਹੁਕਮ ਹੈ ਕਿ ਸਿਮਰਣ ਤੋਂ ਬਗੈਰ ਬਾਕੀ ਸਭ ਚੰਗਾ ਆਚਾਰ ਵਿਹਾਰ, ਚੰਗੇ ਤੋਂ ਚੰਗੇ ਕੀਤੇ ਧਰਮ ਕਰਮ ਸਿਮਰਣ ਤੋਂ ਬਗੈਰ ਕੰਮ ਨਹੀਂ ਆਉਂਦੇ, ਸਾਧੂ ਦੀ ਸੰਗਤਿ ਨਾਲ ਲਗ ਕੇ ਸਿਮਰਣ ਕੀਤਿਆਂ ਹੀ ਜਨਮ ਮਰਣ ਦੇ ਗੇੜ ਤੋਂ ਛੁਟਕਾਰਾ ਸੰਭਵ ਹੈ - 'ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਸਿਮਰਨ ਫੋਕ॥ ਨਾਨਕ ਜਨਮ ਮਰਣ ਭੈ ਕਾਟੇ ਮਿਲਿ ਸਾਧੂ ਬਿਨਸੇ ਸੋਕ॥', ਪੰਨਾ ੬੮੨.

-- ਜੋ ਮਨੁਖ, ਪ੍ਰਭੂ ਦਾ ਨਾਮ ਨਹੀਂ ਜਪਦਾ, ਉਹ ਸ਼ਰਮ ਨਾਲ ਮਰ ਜਾਏ। ਪਰਮੇਸ਼ਰ ਦਾ ਨਾਮ ਜਪੇ ਬਿਨਾਂ ਉਸ ਨੂੰ ਸੁਖ ਦੀ ਨੀਂਦ ਹੀ ਕਿਉਂ ਆਉਂਦੀ ਹੈ।

ਪਾਤਸ਼ਾਹ, ਅਜਿਹੇ ਪਰਾਣੀ ਨੂੰ ਧਿਕਾਰਦੇ ਹਨ ਕਿ ਤੈਨੂੰ ਸ਼ਰਮ ਨਹੀਂ ਆਉਂਦੀ, ਤੂੰ ਸੁਖਾਂ ਦੇ ਸਾਗਰ ਪ੍ਰਭੂ ਦਾ, ਹਿਰਦੇ ਵਿਚ ਨਾਮ ਸਿਮਰਣ ਨਹੀਂ ਕਰਦਾ, ਤੂੰ ਅਭਾਗਾ ਹੈਂ - 'ਅਭਾਗੇ ਤੈ ਲਾਜ ਨਾਹੀ॥ ਸੁਖ ਸਾਗਰ ਪੂਰਨ ਪਰਮੇਸਰੁ ਹਰਿ ਨ ਚੇਤਿਓ ਮਨ ਮਾਹੀ॥', ਪੰਨਾ ੮੯੨. ਸਮਾਂ ਬੀਤੀ ਜਾ ਰਿਹਾ ਹੈ ਅਤੇ ਜੇ ਇਤਨੇ ਥੋੜੇ ਮਿਲੇ ਹੋਏ ਸਮੇਂ ਵਿਚ ਵੀ ਸਿਮਰਣ ਨਾ ਕਰ ਕੇ ਇਸ ਨੂੰ ਅਜਾਈਂ ਗੁਆ ਲਿਆ ਤਾਂ ਸ਼ਰਮ ਵਾਲੀ ਗਲ ਹੀ ਹੈ।

ਭਗਤ ਕਬੀਰ ਜੀ, ਪੰਨਾ ੬੯੨ ਤੇ ਫ਼ੁਰਮਾਣ ਕਰਦੇ ਹਨ ਕਿ ਸੂਰ, ਕੁਤੇ ਆਦਿ ਅਨੇਕ ਜੂਨਾਂ ਵਿਚ ਭਟਕਦਿਆਂ, ਤੈਨੂੰ ਮਨੁਖਾ ਜਨਮ ਮਿਲ ਗਿਆ ਹੈ, ਤੈਨੂੰ ਸ਼ਰਮ ਨਹੀਂ ਆਉਂਦੀ, ਤੂੰ ਅਜੇ ਵੀ ਸਿਮਰਣ ਨੂੰ ਛਡ ਕੇ, ਬਿਖ ਰੂਪ ਮਾਇਆ ਦੇ ਭੋਗ ਭੋਗ ਰਿਹਾ ਹੈਂ - 'ਸੂਕਰ ਕੂਕਰ ਜੋਨਿ ਭ੍ਰਮੇ ਤਉ ਲਾਜ ਨ ਆਈ।। ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ।।'

-- ਜਿਹੜਾ ਮਨੁਖ, ਪ੍ਰਭੂ ਦਾ ਸਿਮਰਣ ਕੀਤੇ ਬਿਨਾਂ ਹੀ ਪਰਮ ਗਤੀ ਪ੍ਰਾਪਤ ਕਰਨਾ ਚਾਹੁੰਦਾ ਹੈ, ਉਸ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜੜ੍ਹ ਤੋਂ ਬਿਨਾਂ ਟਹਿਣੀਆਂ ਕਿਵੇਂ ਆ ਸਕਦੀਆਂ ਹਨ !੧।

ਸ੍ਰੀ ਗੁਰੂ ਨਾਨਕ ਸਾਹਿਬ ਨੇ ਇਹੀ ਗਲ ਸਮਝਾਈ ਹੈ ਕਿ ਮੂਲ ਨੂੰ ਛਡ ਕੇ, ਟਹਿਣੀ ਨਾਲ ਲਗਣ ਨਾਲ ਕੁਝ ਹਾਸਲ ਨਹੀਂ ਹੋ ਸਕਦਾ। ਇਸ ਕਰਕੇ ਨਾਮ ਦੇ ਸਿਮਰਣ ਤੋਂ ਬਗੈਰ ਕੋਈ ਜਨਮ ਮਰਣ ਤੋਂ ਕਿਵੇਂ ਛੁਟ ਸਕਦਾ ਹੈ - 'ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ।। ਬਿਨੁ ਨਾਵੈ ਕਿਉ ਛੂਟੀਐ ਜੇ ਜਾਣੈ ਕੋਈ।।', ਪੰਨਾ ੪੨੦.

**ਗੁਰੁ ਗੋਵਿੰਦੁ ਮੇਰੇ ਮਨ ਧਿਆਇ।। ਜਨਮ ਜਨਮ ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ।।੧।।ਰਹਾਉ।।**

-- ਹੇ ਮੇਰੇ ਮਨ ! ਗੁਰੂ ਨੂੰ ਅਤੇ ਪਰਮੇਸ਼ਰ ਨੂੰ ਸਦਾ ਹੀ ਮਨ ਵਿਚ ਧਿਆ, ਚੇਤੇ ਕਰ। ਇਸ ਨਾਲ ਹੀ ਜਨਮਾਂ ਜਨਮ ਦੇ ਪਾਪਾਂ ਦੀ ਮੈਲ ਉਤਰ ਜਾਏਗੀ, ਜਿਸ ਨਾਲ ਮਾਇਆ ਦੇ ਬੰਧਨ ਕਟੇ ਜਾਣਗੇ, ਇਸਦੇ ਫ਼ਲਸਰੂਪ ਗੁਰੂ, ਹਰੀ ਪ੍ਰਭੂ ਨਾਲ ਮਿਲਾਪ ਕਰਵਾਏਗਾ।੧।ਰਹਾਉ।

ਸ੍ਰੀ ਗੁਰੂ ਅਰਜਨ ਸਾਹਿਬ ਦੇ, ਪੰਨਾ ੮੨੫ ਤੇ ਬਚਨ ਹਨ ਕਿ **ਵਾਹਗੁਰੂ ਵਾਹਗੁਰੂ**..ਜਪਣ ਨਾਲ ਰੱਬੀ ਸੁਖ ਅਤੇ ਸਾਧੂ ਦੀ ਸੰਗਤਿ ਅਤੇ ਉਸਦੇ ਚਰਣਾਂ ਦੀ ਧੂੜ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨਾਲ ਜਨਮ ਮਰਣ ਦਾ ਦੁਖ ਮਿਟ ਜਾਂਦਾ ਹੈ - 'ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ।। ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ।।'

**ਤੀਰਥਿ ਨਾਇ ਕਹਾ ਸੁਚਿ ਸੈਲੁ।। ਮਨ ਕਉ ਵਿਆਪੈ ਹਉਮੈ ਮੈਲੁ।।**

**ਕੋਟਿ ਕਰਮ ਬੰਧਨ ਕਾ ਮੂਲੁ।। ਹਰਿ ਕੇ ਭਜਨ ਬਿਨੁ ਬਿਰਥਾ ਪੂਲੁ।।੨।।**

-- ਤੀਰਥਾਂ ਤੇ ਇਸ਼ਨਾਨ ਕਰਣ ਨਾਲ ਕਿਹੜਾ ਕੋਈ ਕਠੋਰ ਚਿਤ ਹਿਰਦਾ ਸੁਚਾ, ਪਵਿੱਤਰ ਹੋ ਸਕਦਾ ਹੈ ! ਸਗੋਂ ਮਨ ਵਿਚ ਹਉਮੈ ਦੀ ਮੈਲ ਹੋਰ ਵਧ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੭੮੯ ਤੇ ਫੁਰਮਾਣ ਕਰਦੇ ਹਨ ਕਿ ਖੋਟੇ ਮਨ ਵਾਲੇ ਚੋਰ ਬਿਰਤੀ ਵਾਲੇ, ਤੀਰਥਾਂ ਤੇ ਜਾ ਕੇ ਕਿਵੇਂ ਸ਼ੁਧ ਹੋ ਸਕਦੇ ਹਨ ! ਮੈਲ ਦਾ ਜੇ ਇਕ ਹਿਸਾ ਉਤਾਰਿਆ ਤਾਂ, ਦੋ ਹਿਸੇ ਹੋਰ ਚੜ੍ਹਾ ਲਈ - 'ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ।। ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।।'

-- ਬੇਸ਼ੱਕ ਜਿਤਨੇ ਮਰਜ਼ੀ, **ਕ੍ਰੋੜਾਂ ਕਰਮ** ਕਰ ਲਉ ਪਰ ਇਹ ਤਾਂ **ਹੋਰ ਬੰਧਨਾਂ ਦੀ ਜੜ੍ਹ ਹਨ**। ਹਰੀ ਪ੍ਰਭੂ ਦੇ ਭਜਨ, ਸਿਮਰਣ ਤੋਂ ਬਿਨਾਂ, ਇੰਞ ਜਿਵੇਂ ਦਾਣੇ ਛਡ, ਸਿਰ ਤੇ ਨਿਕੰਮੀ ਪੰਡ ਹੀ ਲਈ ਹੈ।

ਚੰਗੇ ਕਰਮ ਚੰਗੇ ਜਨਮ ਦਿਵਾਉਣਗੇ ਅਤੇ ਬੁਰੇ ਕਰਮ ਬੁਰੇ ਜਨਮ ਦਿਵਾਉਣਗੇ। ਦੋਵੇਂ ਤਰ੍ਹਾਂ ਦੇ ਜਨਮ, ਬੰਧਨ ਹੀ ਹਨ। ਸਿਰਫ਼ ਨਾਮ ਜਪ ਕੇ ਹੀ ਛੁਟਕਾਰਾ ਸੰਭਵ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨਾਂ ਅਨੁਸਾਰ ਜੋ ਮਨੁਖ ਨਾਮ ਸਿਮਰਣ ਨਾਲ ਪ੍ਰੀਤੀ ਨਹੀਂ ਕਰਦਾ, ਉਹ ਕ੍ਰੋੜਾਂ ਚੰਗੇ ਮੰਦੇ ਕਰਮ ਕਰਦਾ ਹੋਇਆ ਵੀ ਨਰਕ ਦਾ ਹੀ ਭਾਗੀ ਬਣਦਾ ਹੈ। ਆਪਣਾ ਨਾਂ ਕਮਾਉਣ ਲਈ ਜਿਤਨਾ ਮਰਜ਼ੀ ਖਲਾਰਾ ਪਾ ਲਵੇ, ਨਾਮ ਸਿਮਰਣ ਤੋਂ ਬਗੈਰ ਝੂਠ ਦਾ ਹੀ ਪਸਾਰਾ ਹੈ - 'ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ।। ਕੋਟਿ ਕਰਮ ਕਰਤੋ ਨਰਕ ਜਾਵੈ।।..ਲਾਖ ਅਡੰਬਰ ਬਹੁਤੁ ਬਿਸਥਾਰਾ।। ਨਾਮ ਬਿਨਾ ਝੂਠੇ ਪਾਸਾਰਾ।।', ਪੰਨਾ ੨੪੦.

**ਬਿਨੁ ਖਾਏ ਬੂਝੈ ਨਹੀ ਭੂਖ।। ਰੋਗੁ ਜਾਇ ਤਾਂ ਉਤਰਹਿ ਦੂਖ।।**

**ਕਾਮ ਕ੍ਰੋਧ ਲੋਭ ਮੋਹਿ ਬਿਆਪਿਆ।। ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ।।੩।।**

-- ਜਿਵੇਂ ਭੋਜਨ ਖਾਧੇ ਬਿਨਾਂ ਭੁਖ ਨਹੀਂ ਲਹਿੰਦੀ, ਤਿਵੇਂ ਰੋਗ ਦੂਰ ਹੋਏ ਬਿਨਾਂ ਦੁਖ ਦੂਰ ਨਹੀਂ ਹੁੰਦਾ।

-- ਉਹ ਪ੍ਰਾਣੀ ਕਾਮ ਕ੍ਰੋਧ ਲੋਭ ਮੋਹ ਆਦਿ ਵਿਕਾਰਾਂ ਵਿਚ ਹੀ

ਫ਼ਸਿਆ ਰਹਿੰਦਾ ਹੈ, ਜੋ ਉਸ ਪ੍ਰਭੂ ਦਾ ਸਿਮਰਣ ਨਹੀਂ ਕਰਦਾ, ਜਿਸ ਪ੍ਰਭੂ ਨੇ ਸਾਨੂੰ ਪੈਦਾ ਕੀਤਾ ਹੈ।

ਗੁਰੂ ਸਾਹਿਬ, ਹਉਮੈ, ਵਿਕਾਰਾਂ ਆਦਿ ਰੋਗਾਂ ਦੀ ਗਲ ਕਰ ਰਹੇ ਹਨ ਜਿਨ੍ਹਾਂ ਨਾਲ ਜਨਮ ਮਰਣ ਆਦਿ ਦੁਖ ਬਣੇ ਰਹਿੰਦੇ ਹਨ। ਇਹ ਦੁਖ ਸਿਮਰਣ ਨਾਲ ਹੀ ਦੂਰ ਹੁੰਦੇ ਹਨ। ਸ੍ਰੀ ਗੁਰੂ ਨਾਨਕ ਸਾਹਿਬ, ਅਗਿਆਨੀ ਮੂਰਖ ਮਨੁਖ ਦੀ ਗਲ ਕਰਦੇ ਹਨ, ਜਿਸਨੇ ਸਿਮਰਣ ਨੂੰ ਭੁਲਾ ਦਿਤਾ ਅਤੇ ਅਗਿਆਨਤਾ ਦੇ ਹਨੇਰੇ ਵਿਚ ਹੋਣ ਕਰ ਕੇ ਜਨਮ ਮਰਣ ਦੇ ਗੇੜ ਵਿਚ ਫ਼ਸ ਕੇ ਦੁਖ ਭੋਗਦਾ ਹੈ, ਖ਼ੁਆਰ ਹੁੰਦਾ ਹੈ - 'ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ।। ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ।।', ਪੰਨਾ ੧੯.

**ਧਨੁ ਧਨੁ ਸਾਧ ਧੰਨੁ ਹਰਿ ਨਾਉ।। ਆਠ ਪਹਰ ਕੀਰਤਨੁ ਗੁਣ ਗਾਉ।।**

**ਧਨੁ ਹਰਿ ਭਗਤਿ ਧਨੁ ਕਰਣੈਹਾਰ।।ਸਰਣਿ ਨਾਨਕ ਪ੍ਰਭ ਪੁਰਖ ਅਪਾਰ।।੪।।੩੨।।੪੫।।**

-- ਧੰਨ ਹੈ ਧੰਨ ਹੈ ਉਹ ਸਾਧੂ ਜਨ ਅਤੇ ਧੰਨ ਹੈ ਹਰੀ ਪ੍ਰਭੂ ਦਾ ਨਾਮ, ਉਸ ਸਾਧੂ ਨੇ ਅਠੇ ਪਹਿਰ ਵਾਹਗੁਰੂ ਦੀ ਕੀਰਤੀ, ਜੱਸ ਦਾ ਗੁਣਗਾਨ, ਸਿਮਰਣ ਕੀਤਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨ ਹਨ ਕਿ ਉਹ ਭਗਤ ਧੰਨ ਹਨ ਜਿਨ੍ਹਾਂ ਨੂੰ ਪ੍ਰਭੂ ਨਾਲ ਪ੍ਰੇਮ ਹੈ, ਉਸਦਾ ਨਾਮ ਜਪਦੇ ਹਨ। ਧੰਨ ਹੈ ਉਹ ਮਸਤਕ ਜਿਹੜਾ ਤੇਰੇ ਚਰਣਾਂ ਤੇ ਲਗਦਾ ਹੈ ਅਤੇ ਉਹ ਨੇਤਰ ਜੋ ਤੇਰਾ ਦੀਦਾਰ ਕਰਦੇ ਹਨ - 'ਧਨੁ ਓਹੁ ਮਸਤਕੁ ਧਨੁ ਤੇਰੇ ਨੇਤ।। ਧਨੁ ਓਇ ਭਗਤ ਜਿਨ ਤੁਮ ਸੰਗਿ ਹੇਤ।।', ਪੰਨਾ ੨੦੦.

-- ਧੰਨ ਹੈ ਹਰੀ ਪ੍ਰਭੂ ਦਾ ਅਜਿਹਾ ਭਗਤ ਅਤੇ ਧੰਨ ਹੈ ਮਾਲਕ ਪ੍ਰਭੂ, ਜਿਸ ਨੇ ਅਜਿਹੇ ਭਗਤ ਨੂੰ ਕੀਤਾ ਹੈ। ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਮੈਂ ਅਜਿਹੇ ਅਪਾਰ ਪ੍ਰਭੂ ਅਤੇ ਉਸ ਭਗਤ ਪੁਰਖ ਦੀ ਸ਼ਰਨੀ ਪੈਂਦਾ ਹਾਂ।

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੩੯ ਤੇ ਫ਼ਰਮਾਉਂਦੇ ਹਨ ਕਿ ਮੈਂ ਵੀ ਗੁਰੂ ਦੀ ਸ਼ਰਣੀਂ ਢਹਿ ਪਵਾਂ, ਜੋ ਦਇਆ ਕਰ ਕੇ ਮੈਨੂੰ ਪ੍ਰਭੂ ਨਾਲ ਮੇਲ ਦਏ - 'ਹਉ ਗੁਰ

ਸਰਣਾਈ  ਢਹਿ ਪਵਾ  ਕਰਿ ਦਇਆ ਮੇਲੇ ਪ੍ਰਭੁ ਸੋਇ।।' ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਅਜਿਹੇ ਹੀ ਬਚਨ ਕਰਦੇ ਹਨ ਕਿ ਜੋ ਅਜਿਹੇ ਭਗਤ ਸੰਤ ਦੀ ਸ਼ਰਣ ਪੈ ਗਿਆ ਉਹ ਭਵਜਲ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ, ਸੰਤ ਦੀ ਸੰਗਤਿ ਨਾਲ ਅਜਿਹੀ ਆਸ ਪੂਰੀ ਹੋ ਜਾਂਦੀ ਹੈ - 'ਉਨ ਕੀ ਸਰਣਿ ਪਰੈ ਸੋ ਤਰਿਆ  ਸੰਤ ਸੰਗਿ ਪੂਰਨ ਆਸਾ।।', ਪੰਨਾ ੨੦੭. ਸਤਿਗੁਰੂ ਫ਼ੁਰਮਾਣ ਕਰਦੇ ਹਨ ਕਿ ਮੈਂ ਉਸ ਭਗਤ ਜਨ ਤੋਂ ਵਾਰਨੇ ਜਾਉਂਦਾ ਹਾਂ ਜਿਸ ਨੇ ਮਨ ਤਨ ਨਾਲ ਤੇਰੀ ਅਰਾਧਨਾ ਕੀਤੀ ਹੈ। ਅਜਿਹੇ ਸਾਧੂ ਦੇ ਸੰਗਤਿ ਨਾਲ ਭਵਜਲ ਸੰਸਾਰ ਸਾਗਰ ਤਰਿਆ ਜਾਂਦਾ ਹੈ ਅਤੇ ਸਾਰੇ ਵਿਕਾਰ ਵੀ ਸਾਧੇ ਜਾਂਦੇ ਹਨ। ਮੈਂ ਉਨ੍ਹਾਂ ਦੀ ਸ਼ਰਣ ਪਿਆ ਹਾਂ - 'ਵਾਰਿ ਵਾਰਿ ਜਾਈ ਤਿਸ ਵਿਟਹੁ  ਜੋ ਮਨਿ ਤਨਿ ਤੁਧੁ ਆਰਾਧੇ ਜੀਉ।।..ਸਾਧ ਕੈ ਸੰਗਿ  ਉਨਿ ਭਉਜਲ ਤਰਿਆ ਸਗਲ ਦੂਤ ਉਨਿ ਸਾਧੇ ਜੀਉ।। ਤਿਨ ਕੀ ਸਰਣਿ  ਪਰਿਆ ਮਨੁ ਮੇਰਾ।।..', ਪੰਨਾ ੧੦੨.



17.9.2020